CAREERINDIA

## PUNJABI

**(*Three hours*)**

***Answers to this Paper must be written on the paper provided separately.***

*You will **not** be allowed to write during the first **15** minutes.*

*This time is to be spent in reading the question paper.*

***The time given at the head of this Paper is the time allowed for writing the answers.***

---

*This paper comprises of two Sections : **Section A** and **Section B**.*

*Attempt **all** the questions from **Section A**.*

*Attempt any **four** questions from **Section B**, answering at least **one** question each from the **two** books you have studied and any **two** other questions.*

*The intended marks for questions or part of questions are given in brackets [ ].*

---

### SECTION A (40 Marks)

*Attempt **all** questions*

**Question 1**

Write a short composition in **Punjabi** of approximately **250** words on any **ONE** of the following topics :— [15]

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ 250 ਸ਼ਬਦਾਂ ਦਾ ਲੇਖ ਲਿਖੋ :—

(i) ਆਪਣੇ ਦੇਸ਼ ਦੀ ਵਧਦੀ ਅਬਾਦੀ ਤੇ ਚਿੰਤਾ ਪ੍ਰਗਟ ਕਰਦਿਆਂ ਉਸ ਦੀ ਰੋਕਥਾਮ ਲਈ ਸੁਝਾਅ ਦਿਉ।

(ii) ਅਜੋਕੀ ਪੀੜ੍ਹੀ ਤੇ ਪੱਛਮ ਦਾ ਪ੍ਰਭਾਵ।

(iii) 'ਮਿਹਨਤ ਸਫਲਤਾ ਦੀ ਕੁੰਜੀ ਹੈ' ਵਿਸ਼ੇ ਤੇ ਵਿਚਾਰ, ਘਟਨਾ ਜਾਂ ਮੌਲਿਕ ਕਹਾਣੀ ਲਿਖੋ।

(iv) ਤੁਹਾਡੀ ਮਨ ਭਾਉਂਦੀ ਖੇਡ ਕਿਹੜੀ ਹੈ ? ਉਸ ਦੇ ਬਾਰੇ ਵਿਚਾਰ ਕਰਦਿਆਂ ਲੇਖ ਲਿਖੋ।

www.careerindia.com

(v) ਹੇਠਾਂ ਦਿੱਤੀ ਤਸਵੀਰ ਨੂੰ ਧਿਆਨ ਨਾਲ ਵੇਖੋ ਅਤੇ ਉਸ ਨਾਲ ਸੰਬੰਧਿਤ ਕੋਈ ਵਿਚਾਰ, ਕਹਾਣੀ ਜਾਂ ਘਟਨਾ ਬਿਆਨ ਕਰੋ :



**Question 2**

Write a letter in **Punjabi** in approximately **120** words on any **ONE** of the topics given below :— [7]

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ ਘੱਟੋ-ਘੱਟ 120 ਸ਼ਬਦਾਂ ਦੀ ਕੋਈ ਇਕ ਚਿੱਠੀ/ਪੱਤਰ ਲਿਖੋ :—

(i) ਆਪਣੇ ਦੋਸਤ/ਸਹੇਲੀ ਨੂੰ ਪੱਤਰ ਲਿਖਦੇ ਹੋਏ ਦੱਸੋ ਕਿ ਤੁਸੀਂ ਉਸਦੇ ਜਨਮ ਦਿਨ ਦੀ ਪਾਰਟੀ ਉੱਤੇ ਕਿਉਂ ਨਹੀਂ ਪਹੁੰਚ ਸਕੇ ?

**ਜਾਂ**

(ii) ਆਪਣੇ ਸ਼ਹਿਰ ਦੇ ਸਿਹਤ ਵਿਭਾਗ (Health Department) ਵਿੱਚ ਸਿਹਤ ਅਧਿਕਾਰੀ (Health Officer) ਨੂੰ ਪੱਤਰ ਲਿਖਕੇ ਜਾਣੂ ਕਰਵਾਉ ਕਿ ਸ਼ਹਿਰ ਵਿੱਚ ਖਾਣ ਵਾਲੀਆਂ ਵਸਤੂਆਂ, ਜੋ ਕਿ ਰੇਹੜੀਆਂ/ਦੁਕਾਨਾਂ ਉੱਤੇ ਅਣ-ਢਕੀਆਂ (Uncovered) ਵੇਚੀਆਂ ਜਾ ਰਹੀਆਂ ਹਨ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਲਈ ਬੇਨਤੀ ਵੀ ਕਰੋ।

www.careerindia.com

CAREERINDIA

**Question 3**

Read the passage given below and answer in **Punjabi**, the questions that follow, using your own words as far as possible :— [10]

ਹੇਠ ਲਿਖੇ ਪੈਰ੍ਹੇ ਨੂੰ ਪੜ੍ਹੋ ਅਤੇ ਇਸਦੇ ਅਖ਼ੀਰ ਵਿੱਚ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ। ਜਿੱਥੋਂ ਤੱਕ ਹੋ ਸਕੇ ਆਪਣੇ ਸ਼ਬਦਾਂ ਦਾ ਪ੍ਰਯੋਗ ਕਰੋ :—

ਕੁਦਰਤ ਨੇ ਇਨਸਾਨ ਨੂੰ ਅਕਲ ਦੇ ਨਾਲ ਜਜ਼ਬਾਤ ਅਤੇ ਸੂਝ-ਬੂਝ ਵੀ ਬਖਸ਼ੀ ਸੀ ਤਾਂ ਕਿ ਤਰੱਕੀ ਦੀ ਲੋਰ ਵਿੱਚ ਵੀ ਆਲੇ-ਦੁਆਲੇ ਨੂੰ ਮੁਹੱਬਤ ਭਰੀਆਂ ਨਜ਼ਰਾਂ ਨਾਲ ਵੇਖਦਾ ਰਹੇ। ਹੁਣ ਲੱਗਦਾ ਹੈ ਕਿ ਇਸ ਨੂੰ ਆਪਣੇ ਕੁਦਰਤ ਨਾਲ ਕੀਤੇ ਕੌਲ-ਕਰਾਰ ਭੁੱਲ ਗਏ ਹਨ।

ਇਸਨੇ ਜਿਸ ਥਾਲੀ ਵਿੱਚ ਖਾਧਾ, ਉਸੇ ਵਿੱਚ ਛੇਕ ਕੀਤਾ ਹੈ? ਧਰਤੀ ਨੇ ਇਸਦੀ ਜਣਨੀ ਨੂੰ ਪਾਲ ਕੇ ਇਸਦੇ ਜਣਨਯੋਗ ਬਣਾਇਆ। ਇਸ ਨੂੰ ਆਪਣੀ ਲੰਮੀ ਹਿੱਕ ਤੇ ਨਿਸੰਗ ਖੇਡਣ ਦੀ ਖੁੱਲ੍ਹ ਦਿੱਤੀ। ਆਪਣੇ ਸੀਨੇ ਵਿੱਚ ਛੇਕ ਕਰਵਾ ਕੇ ਨਿਰਮਲ ਜਲ ਦੀਆਂ ਛਹਿਬਰਾਂ ਲਾ ਦਿੱਤੀਆਂ। ਅਣਮਿਣੇ ਦਰਿਆ ਇਹਦੇ ਲਈ ਵਗਾਅ ਛੱਡੇ। ਆਪ ਉਹ ਸਭ ਕੁਝ ਪੈਦਾ ਕੀਤਾ ਜੋ ਇਸ ਨੂੰ ਜ਼ਿੰਦਾ ਰਹਿਣ ਅਤੇ ਮੌਜਾਂ ਕਰਨ ਲਈ ਚਾਹੀਦਾ ਸੀ।

ਪਰ ਮਨੁੱਖ ਹੁਣ ਪੂਰੀ ਤਰਾਂ ਕੁਦਰਤ ਦਾ ਸੰਤੁਲਨ ਵਿਗਾੜਨ ਉੱਤੇ ਉਤਾਰੂ ਹੈ। ਰੁੱਖ ਅਤੇ ਜੰਗਲ ਜਿਹੜੇ ਆਕਸੀਜਨ ਦਾ ਸੋਮਾਂ ਹਨ, ਮਿੱਟੀ ਦੇ ਖੋਰੇ ਤੋਂ ਬਚਾਓ ਕਰਤਾ ਹਨ, ਬਰਸਾਤ ਦੇ ਸਵਾਗਤੀ ਹਨ, ਪ੍ਰਕਿਰਤੀ ਦਾ ਸੁਹਜ ਹਨ, ਇਨਸਾਨ ਤੋਂ ਇਲਾਵਾ ਕਰੋੜਾਂ ਹੋਰ ਜੀਵਾਂ ਦੀ ਜਿਨਾਂ ਨੂੰ ਫ਼ਿਕਰ ਹੈ ਮਨੁੱਖ ਉਨਾਂ ਦੇ ਪਿਛੇ ਹੱਥ ਧੋਕੇ ਪਿਆ ਹੈ।

ਮਨੁੱਖ ਨੇ ਦਰਿਆਵਾਂ ਦੇ ਨਿਰਮਲ ਪਾਣੀਆਂ ਵਿੱਚ ਸ਼ਹਿਰਾਂ ਦਾ ਗੰਦ ਸੁੱਟ ਕੇ ਉਨ੍ਹਾਂ ਦੀ ਸ਼ੁੱਧਤਾ ਦਾ ਨਾਸ਼ ਕੀਤਾ ਹੈ। ਕਿਸੇ ਵੀ ਸ਼ਹਿਰ ਵਿੱਚੋਂ ਲੰਘੋ ਤਾਂ ਬੰਦੇ ਦਾ ਹੁਲੀਆ ਸੰਵਾਰਨ ਲਈ ਲਗੀਆਂ ਫੈਕਟਰੀਆਂ ਬੰਦੇ ਦਾ ਐਸਾ ਹੁਲੀਆ ਵਿਗਾੜਦੀਆਂ ਹਨ ਕਿ ਘਰਦਿਆਂ ਲਈ ਪਛਾਣਨਾ ਮੁਸ਼ਕਿਲ ਹੋ ਜਾਂਦਾ ਹੈ। ਸਵੇਰ ਸਾਰ ਬਨੇਰੇ ਉੱਤੇ ਚਿੜੀਆਂ ਦੀ ਚੀਂ ਚੀਂ ਨਹੀਂ, ਮੋਟਰਾਂ ਦੀ ਪੌਂ ਪੌਂ ਸੁਣਦੀ ਹੈ। ਸ਼ਹਿਰਾਂ ਵਿੱਚੋਂ ਪੰਛੀ ਅਲੋਪ ਹੁੰਦੇ ਜਾ ਰਹੇ ਹਨ। ਜੇ ਇਹੀ ਰਫ਼ਤਾਰ ਜਾਰੀ ਰਹੀ ਤਾਂ ਧਰਤੀ ਦਾ ਵਾਤਾਵਰਨ ਸੰਤੁਲਨ ਏਨੀ ਬੁਰੀ ਤਰਾਂ ਵਿਗੜ ਜਾਵੇਗਾ ਕਿ ਮਰਜ਼ ਇਲਾਜ ਯੋਗ ਨਹੀਂ ਰਹੇਗੀ।

(i) ਕੁਦਰਤ ਦੀ ਇਨਸਾਨ ਨੂੰ ਕੀ ਦੇਣ ਹੈ? [2]

(ii) ਇਨਸਾਨ ਨੂੰ ਜੰਗਲਾਂ ਤੋਂ ਕੀ ਲਾਭ ਹਨ? [2]

(iii) ਇਨਸਾਨ ਕੁਦਰਤ ਦਾ ਸੰਤੁਲਨ ਕਿਵੇਂ ਵਿਗਾੜ ਰਿਹਾ ਹੈ? [2]

(iv) ਫੈਕਟਰੀਆਂ ਨੇ ਵਾਤਾਵਰਣ ਨੂੰ ਕਿਵੇਂ ਪ੍ਰਦੂਸ਼ਿਤ ਕੀਤਾ ਹੈ? [2]

(v) ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ : [2]
ਜਜ਼ਬਾਤ, ਨਿਰਮਲ, ਸੁਹਜ, ਮਰਜ਼।

www.careerindia.com

CAREERINDIA

**Question 4**

(A) Use the following idioms in sentences of your own :— [4]

ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ :—

(i) ਉੱਲੂ ਬੋਲਣਾ

(ii) ਗਲ ਪਿਆ ਢੋਲ ਵਜਾਉਣਾ

(iii) ਲਕੀਰ ਦਾ ਫਕੀਰ

(iv) ਸੁਰ ਮਿਲਣਾ।

(B) Give one word for each of the following :— [2]

ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :—

(i) ਜਿਸ ਦੀ ਸ਼ਕਲ ਭੈੜੀ ਹੋਵੇ।

(ii) ਉਹ ਪਾਠ ਜੋ ਆਰੰਭ ਤੋਂ ਲੈ ਕੇ ਅੰਤ ਤੱਕ ਲਗਾਤਾਰ ਹੋਵੇ।

(iii) ਜਿਹੜਾ ਕਿਸੇ ਵੀ ਧਿਰ ਦਾ ਪਖ-ਪਾਤ ਨਾ ਕਰੇ।

(iv) ਮੌਤ ਪਿੱਛੋਂ ਆਇਆ ਸਲਾਨਾ ਮੌਤ ਦਾ ਦਿਨ।

(C) Change the sentences :— [2]

ਹੇਠ ਲਿਖੇ ਵਾਕਾਂ ਨੂੰ ਬਰੈਕਟ ਵਿੱਚ ਦਿੱਤੇ ਲਿੰਗ, ਵਚਨ ਅਤੇ ਕਾਲ ਅਨੁਸਾਰ ਬਦਲ ਕੇ ਲਿਖੋ :—

(i) ਕੁੜੀ ਗੀਤ ਗਾ ਰਹੀ ਹੈ। (ਲਿੰਗ)

(ii) ਦਸਵੀਂ ਦੇ ਇਮਤਿਹਾਨ ਮਾਰਚ ਵਿੱਚ ਹੋਣਗੇ। (ਭੂਤ ਕਾਲ)

(iii) ਮੈਂ ਸਵੇਰੇ ਜਲਦੀ ਉੱਠਦੀ ਹਾਂ। (ਵਚਨ)

(iv) ਜਮਾਤ ਵਿੱਚ ਵਿਦਿਆਰਥੀ ਸ਼ੋਰ ਮਚਾ ਰਹੇ ਸਨ। (ਵਰਤਮਾਨ ਕਾਲ)

www.careerindia.com

CAREERINDIA

## SECTION B (40 Marks)

*Attempt **four** questions from this Section.*

*You must answer at least **one** question from each of the **two** books you have studied and any **two** other questions.*

ਤੁਸੀਂ ਜਿਹੜੀਆਂ ਦੋ ਪੁਸਤਕਾਂ ਪੜ੍ਹੀਆਂ ਹਨ, ਉਹਨਾਂ ਵਿੱਚੋਂ **ਇੱਕ-ਇੱਕ** ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੈ ਅਤੇ ਬਾਕੀ ਦੋ ਪ੍ਰਸ਼ਨ ਹੋਰ ਕਰਨੇ ਹਨ।

## ਕਥਾ ਸੰਵੇਦਨਾ

### KATHA SAMVEDNA

**Question 5**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਜ਼ੀਨਤ ਵਰਗੀ ਕੋਈ ਮਾਂ ਹੋਵੇਗੀ! ਸੱਤ ਦੇ ਸੱਤ ਉਸਦੇ ਬੱਚੇ ਸਾਫ਼-ਸੁਥਰੇ ਸੁਹਣੇ-ਸੁਹਣੇ, ਉਚੜੇ-ਪੁਚੜੇ ਜ਼ੀਨਤ ਦੀ ਨੁਹਾਰ ਸਨ।

**'ਜ਼ੀਨਤ ਆਪਾ'—ਕਰਤਾਰ ਸਿੰਘ ਦੁੱਗਲ**

**'Zeenat Aapa'—Kartar Singh Duggal**

(i) ਇਹ ਸਤਰਾਂ ਕਿਸ ਸੰਦਰਭ ਵਿੱਚ ਲਿਖੀਆਂ ਗਈਆਂ ਹਨ? [2]

(ii) ਜ਼ੀਨਤ ਕਿਹੋ ਜਿਹੀ ਮਾਂ ਸੀ? [2]

(iii) ਦਰਦਨਾਕ ਵਿਆਹੁਤਾ ਜ਼ਿੰਦਗੀ ਦੇ ਕਾਰਨ ਵੀ ਉਸਦੇ ਬੱਚੇ ਕਿਹੋ-ਜਿਹੇ ਸਨ? [3]

(iv) ਜ਼ੀਨਤ ਦੇ ਕਿੰਨੇ ਬੱਚੇ ਸਨ ਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਨ ਵਿੱਚ ਕੀ ਉਸਦੇ ਪਤੀ ਨੇ ਵੀ ਸਹਾਇਤਾ ਕੀਤੀ ਸੀ? [3]

www.careerindia.com

CAREERINDIA

**Question 6**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿਚ ਦਿਉ :—

ਝਾਕਦਾ ਕੀ ਐਂ, ਏਸ ਗੱਲ ਦੀ ਕਾਹਦੀ ਨਮੋਸ਼ੀ ਐ, "ਆਵਦੀ ਇੱਜ਼ਤ ਪਿੱਛੇ ਲੋਕ ਦੇਹਾਂ ਵੇਚ ਦਿੰਦੇ ਐ ਇਹ ਤਾਂ ਭੋਰਾ........"

**ਸ਼ੱਗੀ ਫੁੱਲ—ਪ੍ਰੋ. ਗੁਰਦਿਆਲ ਸਿੰਘ**

**Shaggi Ful—Prof. Gurdayal Singh**

(i) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ? [2]

(ii) ਇਹ ਵਾਕ ਮੁਨੋਂ ਵੱਲੋਂ ਕਿਉਂ ਕਿਹਾ ਹੈ ? [3]

(iii) ਇਸ ਵਾਰਤਾਲਾਪ ਰਾਹੀਂ ਉਹ ਆਪਣੇ ਕਿਹੜੇ ਅਰਮਾਨ ਪੂਰੇ ਕਰਨੇ ਚਾਹੁੰਦੀ ਹੈ ? [2]

(iv) ਮੁਨੋਂ ਦੇ ਸੁਭਾਅ ਬਾਰੇ ਲਿਖੋ। [3]

**Question 7**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਕਿੰਨਾ ਸੋਹਣਾ ਸੀ, ਗੋਭਲਾ ਜਿਹਾ, ਮੇਰਾ ਪੋਤਾ, ਇੰਨ-ਬਿਨ ਬਾਪ ਤੇ ਗਿਆ ਸੀ। ਤਿੱਖਾ-ਤਿੱਖਾ ਨੱਕ, ਚੌੜਾ ਮੱਥਾ ਤੇ ਭਰਮਾ ਚਿਹਰਾ।

**ਬਾਕੀ ਸਭ ਸੁਖ ਸਾਂਦ ਹੈ—ਮੋਹਨ ਭੰਡਾਰੀ**

**Baaki Sab Sukh Sandh Hai—Mohan Bhandari**

(i) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ? [2]

(ii) ਕਹਾਣੀ ਦਾ ਇਹ ਪਾਤਰ ਕਿਸ ਬਾਰੇ ਤੇ ਕਿਉਂ ਜਿਕਰ ਕਰ ਰਿਹਾ ਹੈ ? [3]

(iii) ਇਸ ਕਹਾਣੀ ਦੇ ਇਸ ਪਾਤਰ ਦਾ ਨਾਂ ਦੱਸੋ। [2]

(iv) ਕਹਾਣੀ ਦਾ ਅੰਤ ਕਿਵੇਂ ਹੁੰਦਾ ਹੈ ? [3]

www.careerindia.com

CAREERINDIA

# ਕਾਵਿ ਸੰਵੇਦਨਾ

## KAVYA SAMVEDNA

**Question 8**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਜੀਉਣਾ ਹੁੰਦਾ ਉਸ ਮਰਦ ਦਾ, ਕਿਸੇ ਲਈ ਜੋ ਮਰਦਾ ਏ
ਆਪਣੇ ਦੇਸ਼ ਕੌਮ ਦੀ ਖਾਤਰ, ਜੀਵਨ ਅਰਪਨ ਕਰਦਾ ਏ
'ਨੂਰਪੁਰੀ' ਬੰਦ ਕਰਦੇ ਬੀਬਾ, ਝੂਠੀਆਂ ਹੋਰ ਦੁਕਾਨਾਂ ਨੂੰ
ਓ ਦੁਨੀਆਂ ਦੇ ਬੰਦਿਓ ਪੂਜੋ ਉਹਨਾਂ ਨੇਕ ਇਨਸਾਨਾਂ ਨੂੰ
ਦੇਸ਼ ਦੀ ਖਾਤਿਰ ਵਾਰ ਗਏ ਜੋ, ਪਿਆਰੀਆਂ-ਪਿਆਰੀਆਂ ਜਾਨਾਂ ਨੂੰ।

**ਜਿਉਂਦੇ ਭਗਵਾਨ—ਨੰਦ ਲਾਲ ਨੂਰਪੁਰੀ**

**Jionde Bhagwan—Nand Lal Noorpuri**

(i) ਉਪਰੋਕਤ ਕਾਵਿ-ਟੋਟੇ ਦੀ ਵਿਆਖਿਆ ਕਰੋ। [3]

(ii) ਕਵੀ ਅਨੁਸਾਰ ਕਿਸ ਮਨੁੱਖ ਦਾ ਜੀਉਣਾ ਸਫ਼ਲ ਹੁੰਦਾ ਹੈ ? [3]

(iii) ਝੂਠੀਆਂ ਦੁਕਾਨਾਂ ਤੋਂ ਕਵੀ ਦਾ ਕੀ ਭਾਵ ਹੈ ? [2]

(iv) ਕਵੀ ਕਿੰਨ੍ਹਾਂ ਨੇਕ ਇਨਸਾਨਾਂ ਦੀ ਪੂਜਾ ਕਰਨ ਲਈ ਆਖਦਾ ਹੈ ? [2]

**Question 9**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਅੱਜ ਓਏ ਜੇ ਕੋਈ ਆਖੇ,
ਅਸੀਂ ਹੋਈਏ ਲੋਹੇ ਲਾਖੇ।
ਅੱਜ ਸਾਨੂੰ ਕੋਈ ਜੇ ਘੂਰੇ,

www.careerindia.com

CAREERINDIA

ਅਸੀਂ ਚੁਕ ਚੁਕ ਪਈਏ ਹੁਰੇ।

ਗਾਲਾਂ ਰਹੀਆਂ ਇੱਕ ਪਾਸੇ,

ਅਸੀਂ ਝੱਲ ਨਾ ਸਕਦੇ ਹਾਸੇ।

**ਛੱਤੋ ਦੀ ਬੇਰੀ—ਪ੍ਰੋ. ਮੋਹਨ ਸਿੰਘ**

**Chatto Di Beri —Prof. Mohan Singh**

(i) ਉਪਰੋਕਤ ਕਾਵਿ ਟੋਟੇ ਦੀ ਵਿਆਖਿਆ ਕਰੋ। [3]

(ii) ਅੱਜ ਜੇ ਕੋਈ ਕਿਸੇ ਨੂੰ 'ਓਏ' ਵੀ ਆਖੇ ਤਾਂ ਅਗਲੇ ਬੰਦੇ ਦਾ ਕੀ ਵਿਹਾਰ ਹੁੰਦਾ ਹੈ ? [2]

(iii) ਜੇ ਕੋਈ ਸਾਨੂੰ ਘੂਰਦਾ ਹੈ ਤਾਂ ਬਦਲੇ ਵਿੱਚ ਅਸੀਂ ਅੱਜ ਉਸ ਨੂੰ ਕੀ ਦਿੰਦੇ ਹਾਂ ? [2]

(iv) ਅੱਜ ਦੇ ਮਨੁੱਖ ਦਾ ਸੁਭਾਅ ਕਿੰਝ ਦਾ ਹੋ ਗਿਆ ਹੈ ? ਕਵਿਤਾ ਦੇ ਅਧਾਰ ਤੇ ਵਰਨਣ ਕਰੋ। [3]

**Question 10**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਲਿਖੋ :—

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ।

ਤੇ ਅੱਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ।

ਇੱਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰੇ ਵੈਣ।

ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।

**ਅੱਜ ਆਖਾਂ ਵਾਰਿਸ ਸ਼ਾਹ ਨੂੰ—ਅੰਮ੍ਰਿਤਾ ਪ੍ਰੀਤਮ**

**Aaj Akhan Waris Shah Nu—Amrita Pritam**

(i) ਵਾਰਿਸ ਸ਼ਾਹ ਬਾਰੇ ਤੁਸੀਂ ਕੀ ਜਾਣਦੇ ਹੋ ? [2]

(ii) ਪੰਜਾਬ ਦੀ ਕਿਸ ਧੀ ਦੇ ਰੋਣ ਦੀ ਗੱਲ ਕੀਤੀ ਜਾ ਰਹੀ ਹੈ ? [2]

(iii) ਕਵਿੱਤਰੀ ਵਾਰਿਸ ਸ਼ਾਹ ਨੂੰ ਦਰਦ ਵੰਡਾਉਣ ਲਈ ਕਿਉਂ ਪੁਕਾਰਦੀ ਹੈ ? [3]

(iv) ਅੱਜ ਲੱਖਾਂ ਧੀਆਂ ਕਿਉਂ ਰੋ ਰਹੀਆਂ ਹਨ ? [3]

www.careerindia.com

CAREERINDIA

# ਪਤਾਲ ਦੇ ਗਿੱਠਮੁਠੀਏ—ਜਸਵੀਰ ਭੁੱਲਰ

**Pataal De Githmuthiye—Jasvir Bhullar**

**Question 11**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਤੂੰ ਜੀਆ ਛੋਟਾ ਨਾ ਕਰ। ਨਿੱਕੂ ਨੇ ਇਸ ਨੂੰ ਦਿਲਾਸਾ ਦਿੱਤਾ।" ਜੇ ਤੇਰੇ ਮਾਂ ਪਿਓ ਮਿੱਟੀ ਵਿੱਚ ਨੱਪੇ ਗਏ ਹੁੰਦੇ ਤਾਂ ਖੂਹ ਪੁੱਟਣ ਵਾਲਿਆਂ ਨੂੰ ਲੱਭ ਪੈਣੇ ਸਨ। ਉਹ ਕਿਧਰ ਹੋਰ ਚਲੇ ਗਏ ਹੋਣਗੇ।

(i) ਉਪਰੋਕਤ ਪੈਰ੍ਹੇ ਵਿੱਚ ਕਿਸ ਵਿਸ਼ੇ ਤੇ ਚਰਚਾ ਹੋ ਰਹੀ ਹੈ ? [2]

(ii) ਨਿੱਕੂ ਤੇ ਇਮੂ ਬਾਰੇ ਤੁਸੀਂ ਕੀ ਜਾਣਦੇ ਹੋ ? [3]

(iii) ਸ਼ਿਬੂ ਦਾ ਪਾਤਰ ਚਿਤਰਣ ਕਰੋ। [3]

(iv) "ਤੂੰ ਜੀਆ ਛੋਟਾ ਨਾ ਕਰ।" ਤੋਂ ਕੀ ਭਾਵ ਹੈ ? [2]

**Question 12**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਲਿਖੋ :—

"ਭਾਉ ! ਅੱਜ ਤਾਂ ਸਵੇਰੇ ਸਵੇਰੇ ਹੱਦ ਈ ਹੋ ਗਈ। ਪਤੈ ! ਸ਼ਾਮਲਾਤ ਵਾਲੇ ਨਵੇਂ ਖੂਹ ਵਿੱਚੋਂ ਗਿੱਠਮੁਠੀਆ ਨਿਕਲ ਆਇਐ।"

(i) ਇਹ ਸ਼ਬਦ ਕਿਸ ਨੇ ਕਿਸਨੂੰ ਅਤੇ ਕਦੋਂ ਕਹੇ ? [2]

(ii) ਸ਼ਾਮਲਾਤ ਵਾਲੇ ਨਵੇਂ ਖੂਹ ਵਿੱਚੋਂ ਗਿੱਠਮੁਠੀਆ ਨਿਕਲਣ ਦੀ ਖ਼ਬਰ ਸੁਣ ਕੇ ਮਿਸਤਰੀ ਮਾਹਣਾ ਸਿੰਘ ਤੇ ਕੀ ਅਸਰ ਹੋਇਆ ? [2]

(iii) ਸ਼ਿਬੂ ਦੇ ਸੁਭਾਅ ਤੇ ਚਾਨਣਾ ਪਾਉ। [3]

(iv) ਗਿੱਠਮੁਠੀਏ ਦੀ ਖ਼ਬਰ ਸੁਣ ਕੇ ਪਿੰਡ ਦੇ ਲੋਕਾਂ ਉੱਤੇ ਕੀ ਅਸਰ ਹੋਇਆ ? [3]

www.careerindia.com

CAREERINDIA

**Question 13**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਨਹੀਂ", ਬਾਬਾ ਲੱਖਾ ਸਿੰਘ ਨੇ ਸਪੱਸ਼ਟ ਜੁਆਬ ਦਿਤਾ। "ਮੇਰੇ ਵੇਲੇ ਤਾਂ ਬਹੁਤੇ ਖ਼ੂਹ ਵੀ ਨਹੀਂ ਪੁੱਟੇ ਗਏ, ਮੈਂ ਗਿੱਠਮੁਠੀਏ ਕਿੱਥੇ ਵੇਖਣੇ ਸੀ।"

(i) ਉਪਰੋਕਤ ਵਾਰਤਾਲਾਪ ਕਿਸ ਸੰਦਰਭ ਵਿੱਚ ਹੋ ਰਹੀ ਹੈ ? [2]

(ii) ਖ਼ੂਹ ਪੁੱਟਣ ਦੀ ਲੋੜ ਕਿਉਂ ਪਈ ਸੀ ? [3]

(iii) ਗਿੱਠਮੁਠੀਏ ਤੋਂ ਕੀ ਭਾਵ ਹੈ ? [2]

(iv) ਸੁੱਚਾ ਸਿੰਘ ਦੇ ਸੁਭਾਅ ਬਾਰੇ ਤੁਸੀਂ ਕੀ ਜਾਣਦੇ ਹੋ ? [3]

## ਮੰਚ ਮਹਿਕ

## MANCH MEHAK

**Question 14**

Read the extract given below and answer in **Punjabi**, the questions that follow :—

ਹੇਠਾਂ ਦਿੱਤੀ ਲਿਖਤ ਨੂੰ ਪੜ੍ਹੋ ਅਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਕੌਰਾਂ (ਤਰੱਬਕ ਕੇ ਹੁਸ਼ਿਆਰ ਚੰਦ ਕੋਲੋਂ ਪਰੇ ਹੱਟ ਜਾਂਦੀ ਹੈ ਤੇ ਚੁੰਨੀ ਘੁਟ ਕੇ ਫੜ ਲੈਂਦੀ ਹੈ) ਹਾਏ !, ਨਹੀਂ-ਨਹੀਂ ਹਾਏ ! ਜ਼ੁਲਮ, ਜ਼ੁਲਮ !

**ਸੁਹਾਗ—ਆਈ. ਸੀ. ਨੰਦਾ**

**Suhaag—I.C. Nanda**

(i) ਕੌਰਾਂ ਜ਼ੁਲਮ, ਜ਼ੁਲਮ ਸ਼ਬਦ ਕਿਉਂ ਬੋਲਦੀ ਹੈ ? [2]

(ii) ਹੁਸ਼ਿਆਰ ਚੰਦ ਅਜਿਹਾ ਜ਼ੁਲਮ ਕਿਉਂ ਕਰਦਾ ਹੈ ? [2]

(iii) ਹੁਸ਼ਿਆਰ ਚੰਦ ਦਾ ਚਰਿੱਤਰ-ਚਿਤਰਣ ਕਰੋ। [3]

(iv) ਇਸ ਇਕਾਂਗੀ ਦਾ ਸਿਰਲੇਖ ਢੁਕਵਾਂ ਹੈ। ਜੇ ਹੈ, ਤਾਂ ਕਿਵੇਂ ? [3]

www.careerindia.com

CAREERINDIA

**Question 15**

Read the extract given below and answer in **Punjabi**, the questions that follow :—

ਹੇਠ ਦਿੱਤੀ ਲਿਖਤ ਨੂੰ ਪੜ੍ਹੋ ਅਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿਚ ਲਿਖੋ :—

ਡਾ. ਪਲਟਾ : ਬਸ ਹੁਣ ਤੂੰ ਦੇਖਦੀ ਜਾ। ਇਹ ਟੈਲੀਫ਼ੋਨ ਫਿੱਟ ਹੋ ਗਿਆ ਏ ਕਨੈੱਕਸ਼ਨ ਲੈਣ ਦੀ ਢਿੱਲ ਏ।

**ਡਾ. ਪਲਟਾ—ਬਲਵੰਤ ਗਾਰਗੀ**

**Dr. Palta—Balwant Gargi**

(i) ਉਪਰੋਕਤ ਵਾਰਤਾਲਾਪ ਦਾ ਸੰਦਰਭ ਕੀ ਹੈ? [2]

(ii) ਡਾ. ਪਲਟਾ ਟੈਲੀਫ਼ੋਨ ਦੇ ਕੀ-ਕੀ ਲਾਭ ਦੱਸਦਾ ਹੈ? [2]

(iii) ਟੈਲੀਫ਼ੋਨ ਦਾ ਭੁਲੇਖਾ ਪਾਉਣ ਲਈ ਡਾ. ਪਲਟਾ ਕੀ ਯੋਜਨਾ ਬਣਾਉਂਦਾ ਹੈ? [3]

(iv) ਡਾ. ਪਲਟਾ ਇਕਾਂਗੀ ਦਾ ਵਿਸ਼ਾ ਕੀ ਹੈ? [3]

**Question 16**

Read the extract given below and answer in **Punjabi**, the questions that follow :—

ਹੇਠ ਦਿੱਤੀ ਲਿਖਤ ਨੂੰ ਪੜ੍ਹੋ ਅਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਰਘੁਨਾਥ : ਡਾਕਟਟ ਸਾਹਿਬ, ਕੋਈ ਐਸੀ ਦੁਆਈ ਦਿਓ ਜਿਸ ਨਾਲ ਫੌਰਨ ਠੀਕ ਹੋ ਜਾਵਾਂ, ਦੁਕਾਨ ਦੇ ਕੰਮ ਵਿੱਚ ਹਰਜ ਹੁੰਦਾ ਹੈ।

**ਦੁਸ਼ਮਣ—ਗੁਰਚਰਨ ਸਿੰਘ ਜਸੂਜਾ**

**Dushman—Gurcharan Singh Jasuja**

(i) ਰਘੁਨਾਥ ਨੂੰ ਕੀ ਬਿਮਾਰੀ ਸੀ? [2]

(ii) ਉਸਨੂੰ ਇਹ ਤਕਲੀਫ ਕਿਉਂ ਹੋਈ? [2]

(iii) ਰਘੁਨਾਥ ਦੇ ਸੁਭਾਅ ਬਾਰੇ ਪੰਜ-ਛੇ ਸਤਰਾਂ ਲਿਖੋ। [3]

(iv) ਡਾਕਟਰ ਦਵਾਈ ਦੇ ਨਾਲ-ਨਾਲ ਕੀ ਪਰਹੇਜ ਦੱਸਦਾ ਹੈ? [3]

www.careerindia.com